ਵਿਸ਼ੇਸ਼ ਲੇਖ

ਗੁਰਭਗਤ ਸਿੰਘ



# ਕਿਵੇਂ ਹੋਵੇ ਸੱਭਿਆਚਾਰਕ ਵਿਸ਼ੇਸ਼ਤਾ ਦਾ ਵਿਕਾਸ

ਹੁਣ ਸਾਰੇ ਵਿਸ਼ਵ ਵਿੱਚ ਇਹ ਤਾਂ ਮੰਨਿਆ ਜਾ ਚੁੱਕਾ ਹੈ ਕਿ ਹਰੇਕ ਸੱਭਿਆਚਾਰ ਹੀ ਵਿਸ਼ੇਸ਼ ਹੈ। ਉਸ ਦੀ ਵਿਸ਼ੇਸ਼ਤਾ ਨੂੰ ਖ਼ਤਮ ਕਰਨਾ ਫਾਸ਼ੀਵਾਦੀ ਕਾਰਵਾਈ ਹੈ। ਇਤਿਹਾਸਕ ਤਜਰਬੇ ਤੋਂ ਵਿਸ਼ਵ ਨੇ ਇਹ ਵੀ ਸਿੱਖ ਲਿਆ ਹੈ ਕਿ ਅਜਿਹੀ ਕਾਰਵਾਈ ਲਈ ਵਾਤਾਵਰਣ ਨਹੀਂ ਬਣਨ ਦੇਣਾ ਚਾਹੀਦਾ। ਨਾਲ ਹੀ ਇਸ ਬਾਰੇ ਵੀ ਸਾਨੂੰ ਸਮਝ ਆ ਰਹੀ ਹੈ ਕਿ ਕੋਈ ਸੱਭਿਆਚਾਰਕ ਵਿਸ਼ੇਸ਼ਤਾ ਅਬਦਲ ਨਹੀਂ। ਆਪਣੇ ਮੂਲ ਦੇ ਨੇੜੇ ਰਹਿ ਕੇ ਹਰ ਸੱਭਿਆਚਾਰ ਆਪਣੇ ਰੂਪ ਅਤੇ ਪ੍ਰਕਾਸ਼ਵੰਤ ਹੋਣ ਦੀਆਂ ਵਿਊਂਤਾਂ ਨੂੰ ਬਦਲਦਾ ਰਹਿੰਦਾ ਹੈ।

ਸੱਭਿਆਚਾਰਕ ਵਿਸ਼ੇਸ਼ਤਾ ਅਤੇ ਗਤੀ ਇੱਕ ਦੂਜੇ ਨਾਲ ਜੁੜੇ ਹੋਏ ਹਨ। ਇਸ ਲਈ ਅਰਥ ਭਰਪੂਰ ਬਣੇ ਰਹਿਣ ਲਈ ਹਮੇਸ਼ਾ ਆਲੇ-ਦੁਆਲੇ ਵੱਲ ਸੂਖਮ ਬਣੇ ਰਹਿਣਾ ਵੀ ਸੱਭਿਆਚਾਰ ਲਈ ਜ਼ਰੂਰੀ ਹੈ। ਜਦੋਂ ਕੋਈ ਸੱਭਿਆਚਾਰਕ ਆਪਣੀ ਵਿਸ਼ੇਸ਼ਤਾ ਬਾਰੇ ਇਸ ਹੱਦ ਤੱਕ ਮਾਣ-ਮੱਤਾ ਹੋ ਜਾਵੇ ਕਿ ਉਹ ਗਤੀ ਵੱਲ ਜਾਂ ਹੋ ਰਹੀਆਂ ਇਤਿਹਾਸਕ ਤਬਦੀਲੀਆਂ ਬਾਰੇ ਸੰਵੇਦਨਸ਼ੀਲ ਨਾ ਰਹੇ, ਤਾਂ ਸੱਭਿਆਚਾਰਕ ਸੰਕਟ ਪੈਦਾ ਹੋ ਜਾਂਦਾ ਹੈ। ਇਸ ਸੰਕਟ ਨਿਵਾਰਨ ਲਈ ਫਿਰ ਕੋਈ ਸੂਰਮਾ ਉੱਭਰਦਾ ਹੈ ਜਾਂ ਲੋਕਾਂ ਦਾ ਸਮੂਹ ਕ੍ਰਾਂਤੀਕਾਰੀ ਰੋਲ ਅਦਾ ਕਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਸਾਹਿਬ ਜਾਂ ਕਿਰਪਾਲ ਨੂੰ ਸੰਕਟ ਨਿਵਾਰਨ ਦੀ ਸੰਗਿਆ ਦਿੱਤੀ ਹੈ। ਕਿਰਪਾਲ ਸ੍ਰਿਸ਼ਟੀ ਨੂੰ "ਉਬਾਰਨ" ਦਾ ਕੰਮ ਵੀ ਕਰਦੀ ਹੈ। "ਉਬਾਰਨ" ਵਿੱਚ ਰੁਕੇ ਹੋਏ ਵਿਕਾਸ ਨੂੰ ਅੱਗੇ ਤੋਰਨਾ ਸ਼ਾਮਲ ਹੈ, ਪਰ ਹਥਿਆਰ ਚੁੱਕਣਾ ਗੁਰੂ ਸਾਹਿਬ ਦੀਆਂ ਰਚਨਾਵਾਂ ਵਿੱਚ ਬਹੁਤ ਵੱਡੀ ਜ਼ਿੰਮੇਵਾਰੀ ਹੈ। ਇਹ ਜ਼ਿੰਮੇਵਾਰੀ ਕੇਵਲ ਅਕਾਲ ਤੱਕ ਪਹੁੰਚੇ ਹੋਏ ਚੇਤੰਨ ਸ਼ਾਇਰ ਅਤੇ ਇਤਿਹਾਸ ਨੂੰ ਸਮਝ ਕੇ ਅੱਗੇ ਤੋਰਨ ਲਈ ਸਮਰੱਥ ਵਿਅਕਤੀ ਹੀ ਨਿਭਾ ਸਕਦੇ ਹਨ।

ਇਹ ਵੀ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਜੀ ਨੇ ਕ੍ਰਾਂਤੀਕਾਰੀ ਭਾਗ ਲਈ ਇੱਕ ਤਰ੍ਹਾਂ ਇਹ ਜ਼ਿੰਮੇਵਾਰੀ ਮਹਾਂਪੁਰਸ਼ੀ ਤੱਕ ਪਹੁੰਚੇ ਵਿਅਕਤੀਆਂ ਨੂੰ ਦਿੱਤੀ ਹੈ। ਉਨ੍ਹਾਂ ਨੇ ਜੋ ਚਿੰਤਨ ਅਤੇ ਅਭਿਆਸ ਦਿੱਤਾ ਉਸ ਵਿੱਚ ਮਹਾਂਪੁਰਸ਼ੀ ਕਿਸੇ ਜਾਤ ਜਾਂ ਸਮੂਹ ਦੀ ਅਜ਼ਾਰਾਦਾਰੀ ਨਹੀਂ। ਹਰ ਸਾਧਾਰਨ ਵਿਅਕਤੀ ਆਪਣੇ ਧਿਆਨ ਅਤੇ ਅਭਿਆਸ ਨਾਲ ਉਸ ਮਹਾਂਪੁਰਸ਼ੀ ਤੱਕ ਪਹੁੰਚ ਸਕਦਾ ਹੈ।

ਸੱਭਿਆਚਾਰਕ ਕਿਰਿਆ ਅਤੇ ਵਿਸ਼ੇਸ਼ਤਾ ਨੂੰ ਮਹਾਂ-ਪੁਰਸ਼ੀ ਨਾਲ ਜੋੜਨਾ ਇਤਿਹਾਸ ਦੀ ਇੱਕ ਅਹਿਮ ਘਟਨਾ ਹੈ। ਸਟਾਲਿਨ ਨੇ ਕੌਮ ਜਾਂ ਸੱਭਿਆਚਾਰ ਦੀ ਹਸਤੀ ਬਾਰੇ ਜੋ ਸਿਧਾਂਤ ਦਿੱਤਾ, ਉਸ ਦਾ ਆਧਾਰ ਕੇਵਲ ਇਤਿਹਾਸ, ਆਰਥਿਕਤਾ, ਇਲਾਕੇ ਅਤੇ ਭਾਸ਼ਾ ਹੈ। ਉਸ ਵਿੱਚੋਂ ਮਹਾਂਪੁਰਸ਼ੀ ਗਾਇਬ ਹੈ।

ਸੱਭਿਆਚਾਰਕ ਵਿਸ਼ੇਸ਼ਤਾ ਨੂੰ ਗਤੀਸ਼ੀਲ ਰੱਖਣ ਲਈ, ਇਸ ਵਿੱਚ ਸੰਘਰਸ਼, ਪ੍ਰੇਰਨਾ ਜਾਂ ਕ੍ਰਾਂਤੀ ਰਾਹੀਂ ਤਬਦੀਲੀ ਲਿਆਉਣ ਲਈ ਮਹਾਂਪੁਰਸ਼ ਹੋਣਾ ਜਾਂ ਸੰਤ ਹੋਣਾ ਵੀ ਜ਼ਰੂਰੀ ਹੈ। ਇਹ ਬਹੁਤ ਵੱਡੀ ਗੱਲ ਹੈ। ਅਕਾਲ ਤਖ਼ਤ ਦਾ ਜੱਥੇਦਾਰ ਹੋਣਾ, ਜਰਨੈਲ ਹੋਣਾ, ਗਿਆਨਵਾਨ ਹੋਣਾ, ਸਭ ਗੁਣ ਇੱਕੋ ਵਿਅਕਤੀ ਵਿੱਚ ਹੋਣ, ਇਹ ਇੱਕ ਆਦਰਸ਼ ਹੀ ਨਹੀਂ, ਸਗੋਂ ਯਥਾਰਥ ਵੀ ਹੋ ਸਕਦਾ ਹੈ ਇਹ ਗੱਲ ਸਿੱਖ ਇਤਿਹਾਸ ਨੇ ਸਿਖਾਈ ਹੈ।

ਸੱਭਿਆਚਾਰ ਨੂੰ ਪੁਨਰ-ਪਰਿਭਾਸ਼ਿਤ ਕਰਨ ਵਿੱਚ ਪੰਜਾਬ ਦੇ ਸਿੱਖ ਵਿਰਸੇ ਨੇ ਵੱਡਾ ਰੋਲ ਅਦਾ ਕੀਤਾ ਹੈ, ਇਹ ਕੋਈ ਅਤਿਕਥਨੀ ਨਹੀਂ। ਸੱਭਿਆਚਾਰਕ ਵਿਸ਼ੇਸ਼ਤਾ ਨੂੰ ਅੱਗੇ ਤੋਰਨ ਲਈ, ਨਵੇਂ ਇਤਿਹਾਸਕ ਪ੍ਰਸੰਗਾਂ ਵਿੱਚ ਇਸ ਦੇ ਨਵੇਂ ਅੰਸ਼ ਜੋੜ ਕੇ ਨਵੀਂ ਵਿਆਖਿਆ ਕਰਨ ਲਈ ਵਿਸ਼ੇਸ਼ਤਾ ਦੀ ਸਮਝ ਵੀ ਜ਼ਰੂਰੀ ਹੈ। ਜਿਵੇਂ ਕਿ ਉੱਪਰ ਕਿਹਾ ਗਿਆ ਹੈ ਕਿ ਇਸ ਵਿਸ਼ੇਸ਼ਤਾ ਨੂੰ ਸਟਾਲਿਨੀ ਸੰਰਚਨਾ ਵਜੋਂ ਹੀ ਸਮਝਣਾ ਸੀਮਿਤ ਪੁਰਸ਼ੀ ਸ਼ਾਮਲ ਨਹੀਂ। ਇਸ ਤੋਂ ਵੀ ਅੱਗੇ ਜਾ ਕੇ ਮਹਾਂਬਚਨ ਵੀ ਸੱਭਿਆਚਾਰ ਵਿਸ਼ੇਸ਼ਤਾ ਨੂੰ ਰੂਪ ਦਿੰਦੇ ਹਨ। ਸੱਭਿਆਚਾਰ ਦੇ ਮੈਂਬਰਾਂ ਨੂੰ ਇੱਕ ਸਾਂਝੀ ਬਿਰਤੀ ਅਤੇ ਅਭਿਆਸ ਦਿੰਦੇ ਹਨ। ਵੀਹਵੀਂ ਸਦੀ ਵਿੱਚ ਯਹੂਦੀ ਵਿਦਵਾਨਾਂ ਨੇ ਮਹਾਂ-ਬਚਨ ਦੇ ਸੱਭਿਆਚਾਰ ਦਾ ਆਧਾਰ ਬਣਨ ਬਾਰੇ ਚਰਚਾ ਆਰੰਭ ਕੀਤੀ ਹੈ। ਇਹ ਚਰਚਾ ਬੜੀ ਸ਼ਿੱਦਤ ਨਾਲ ਹੋਈ। ਬਾਈਬਲ ਵਿੱਚ ਰੱਬ ਦਾ ਇਹ ਬਚਨ "ਅਯੇ ਅਸ਼ੇਰ ਇਹੇਯ", ਯਹੂਦੀਅਤ ਦੀ ਬੁਨਿਆਦ ਬਣ ਗਿਆ, ਇਸ ਬਾਰੇ ਮਾਰਟਿਨ ਬੂਬਰ ਨੇ ਆਪਣੀਆਂ ਲਿਖਤਾਂ ਵਿੱਚ ਜ਼ਿਕਰ ਕੀਤਾ ਹੈ। ਰੋਜ਼ਨਜ਼ਵਾਈਮ ਨਾਲ ਰਲ ਕੇ ਬੂਬਰ ਨੇ ਇਸ ਬਚਨ ਦਾ ਲੋਕ-ਜਰਮਨ ਵਿੱਚ ਤਰਜ਼ਮਾ ਕੀਤਾ। ਉਂਞ ਇਹ ਕਿਹਾ ਗਿਆ ਹੈ ਕਿ ਉਹ ਬਚਨ ਅਨੁਵਾਦ ਨਹੀਂ ਹੋ ਸਕਦਾ। ਇਸ ਨੂੰ ਅਨੁਵਾਦ ਕਰਕੇ ਬੂਬਰ ਅਤੇ ਰੋਜ਼ਨਜ਼ਵਾਈਮ ਨੇ ਇਹ ਕਹਿਣ ਦਾ ਯਤਨ ਕੀਤਾ ਕਿ ਯਹੂਦੀਅਤ ਭਾਵੇਂ ਵਿਸ਼ੇਸ਼ ਹੈ, ਪਰ ਇਹ ਯੂਰਪੀ ਸੱਭਿਅਤਾ ਨਾਲ ਵੀ ਮਿਲ ਕੇ ਚੱਲ ਸਕਦੀ ਹੈ। ਦੂਜੇ ਅਰਥਾਂ ਵਿੱਚ ਯਹੂਦੀ ਵਿਸ਼ੇਸ਼ਤਾ ਸੰਵਾਦ ਤੋਂ ਮੁਨਕਰ ਨਹੀਂ। ਇਹ ਵਿਸ਼ੇਸ਼ਤਾ ਉਦਾਰ ਹੋਣ ਅਤੇ ਪਾਰ ਜਾਣ ਦੇ ਵੀ ਸਮਰੱਥ ਹੈ।

ਆਪਣੀ ਸੱਭਿਆਚਾਰਕ ਵਿਸ਼ੇਸ਼ਤਾ ਨਾਲ ਰਹਿਣ ਅਤੇ ਦੂਜੇ ਪ੍ਰਤੀ ਫ਼ਿਕਰ ਕਰਨ ਵਿੱਚ ਕੋਈ ਟਕਰਾਓ ਨਹੀਂ। ਆਪਣੀ ਵਿਸ਼ੇਸ਼ਤਾ ਬਾਰੇ ਸ਼ਿੱਦਤ ਭਰਪੂਰ ਚਿੰਤਨ ਸਥਾਪਤ ਪੈਰਾਡਾਈਮ ਨੂੰ ਤੋੜਨ ਅਤੇ ਨਵਿਆਂ ਨੂੰ ਸਿਰਜਣ ਵਿੱਚ ਵੀ ਸਹਾਇਤਾ ਕਰ ਸਕਦਾ ਹੈ। ਆਈਨ ਸਟਾਈਨ ਦੇ ਸਾਪੇਖ ਸਿਧਾਂਤ ਨੂੰ ਵੀ ਇਸ ਨਜ਼ਰੀਏ ਤੋਂ ਦੇਖਿਆ ਜਾ ਸਕਦਾ ਹੈ। ਮੋਟੇ ਤੌਰ 'ਤੇ ਉਸ ਨੇ ਇਹ ਸਥਾਪਤ ਕੀਤਾ ਕਿ ਜਿੱਥੇ ਕੋਈ ਸਥਿਤ ਹੈ, ਉਹ ਪੁਜ਼ੀਸ਼ਨ ਪਰਿਪੇਖ ਨਿਸ਼ਚਿਤ ਕਰਨ ਵਿੱਚ ਰੋਲ ਅਦਾ ਕਰਦੀ ਹੈ। ਸਪੇਸ ਅਤੇ ਕਾਲ ਅਲੱਗ-ਅਲੱਗ ਨਹੀਂ ਹਨ, ਇਹ ਇੱਕੋ ਨਿਰੰਤਰਤਾ ਵਿੱਚ ਹਨ। ਇਨ੍ਹਾਂ ਦੇ ਦਰਮਿਆਨ "ਅਤੇ" ਨੂੰ ਰੱਦ ਕਰਕੇ ਆਈਨਸਟਾਈਨ ਨੇ ਹਾਈਫਨ ਪਾ ਦਿੱਤਾ। ਆਈਨ ਸਟਾਈਨ ਦੀ ਇਸ ਧਾਰਨਾ ਨੇ ਹਰ ਕਿਸਮ ਦੇ ਨਿਰਪੇਖਵਾਦ 'ਤੇ ਹਮਲਾ ਕੀਤਾ। ਆਤਮ ਅਤੇ ਕਾਲ ਨੂੰ ਮਹੱਤਵ ਦੇਣ ਨਾਲ ਉਸ ਨੇ ਆਤਮ ਤੋਂ ਅੱਗੇ ਜਾ ਕੇ ਹਰ ਇਤਿਹਾਸਕ ਤਜਰਬੇ ਵਾਲੇ ਸੱਭਿਆਚਾਰ ਨੂੰ ਵੀ ਮਹੱਤਵਪੂਰਨ ਬਣਾ ਦਿੱਤਾ। ਇੱਥੋਂ ਇਹ ਵੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਕੋਈ ਸਮੂਹ ਜਾਂ ਸੱਭਿਆਚਾਰ ਜਿਸ ਪਰਿਪੇਖ ਨਾਲ ਸੋਚਦਾ ਹੈ ਅਤੇ ਜਿਊਂਦਾ ਹੈ ਉਸ ਨੂੰ ਫਾਲਤੂ ਨਹੀਂ ਬਣਾਇਆ ਜਾ ਸਕਦਾ। ਸ਼ਾਇਦ ਆਈਨ ਸਟਾਈਨ ਇਸ ਸਿਧਾਂਤ ਅਤੇ ਧਾਰਨਾ ਲਈ ਇਸ ਤਰ੍ਹਾਂ ਪ੍ਰੇਰਿਤ ਨਾ ਹੋ ਸਕਦਾ ਜੇ ਪਿਛੋਕੜ ਵਿੱਚ ਉਸ ਦੀ ਯਹੂਦੀ ਹਸਤੀ ਨਾ ਹੁੰਦੀ। ਇਤਿਹਾਸ ਵਿੱਚ ਯਹੂਦੀ ਸੱਭਿਆਚਾਰ ਦੀ ਜੋ ਹੱਤਕ ਹੋਈ ਸੀ, ਉਸ ਪਿੱਛੇ ਇਸਾਈ ਪਰਮਵਾਦ ਹੀ ਸੀ। ਕੁਝ ਨਵੇਂ ਉੱਠ ਰਹੇ ਪੂੰਜੀਵਾਦ ਦੇਸ ਵੀ ਸਨ ਜੋ ਵੱਧ ਰਹੇ ਯਹੂਦੀ ਵਿੱਤ ਕੰਟਰੋਲ ਤੋਂ ਵੀ ਭੈਅ-ਭੀਤ ਹੋਣ ਲੱਗ ਪਏ ਸੀ। ਪੂੰਜੀ 'ਤੇ ਕਬਜ਼ਾ ਕਰ ਸਕਣ ਦੀ ਸਮਰੱਥਾ ਹੀ ਯਹੂਦੀਆਂ ਦੀ ਦੁਸ਼ਮਣ ਬਣ ਗਈ। ਇਸ ਵਿੱਚ ਨਾ ਕੋਈ ਸੰਦੇਹ ਹੋ ਸਕਦਾ ਹੈ ਅਤੇ ਨਾ ਹੀ ਅਤਿਕਥਨੀ ਕਿ ਯਹੂਦੀ ਅਨੁਭਵ ਤੋਂ ਬਿਨਾਂ ਸ਼ਾਇਦ ਆਈਨ ਸਟਾਈਨ ਦਾ ਸਾਪੇਖ ਸਿਧਾਂਤ ਹੋਂਦ ਵਿੱਚ ਹੀ ਨਾ ਆ ਸਕਦਾ।

ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਰੂਸ ਦੇ ਪ੍ਰਤੀਕਵਾਦੀ ਕਵੀ ਬੇਲਾਈ ਅਤੇ ਕ੍ਰਾਂਤੀਕਾਰੀ ਕਵੀ ਮਾਇਆਕੋਵਸਕੀ ਡਿਕਟੇਟਰਸ਼ਿਪ ਨੂੰ ਤੋੜਨ ਲਈ ਆਈਨਸਟਾਈਨ ਦੇ ਸਿਧਾਂਤ ਤੋਂ ਪ੍ਰਭਾਵਿਤ ਹੋਏ। ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪਿੱਛੋਂ ਰੂਸੀ ਵਿਦਵਾਨ ਬਾਖਤਿਨ ਨੇ ਮਾਰਕਸੀ ਡਿਕਟੇਟਰਸ਼ਿਪ ਦਾ ਵਿਰੋਧ ਕਰਨ ਲਈ ਸਾਪੇਖਤਾ ਸਿਧਾਂਤ ਨੂੰ ਆਪਣੇ ਚਿੰਤਨ ਵਿੱਚ ਜਜ਼ਬ ਕੀਤਾ।

ਹੁਣ ਇਹ ਗੱਲ ਮੰਨੀ ਜਾਣ ਲੱਗ ਪਈ ਹੈ ਕਿ ਅੱਜ-ਕੱਲ੍ਹ ਦੇ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਯਹੂਦੀ ਫਿਲਾਸਫਰ ਦੈਰਿਦਾ ਦੀਆਂ ਰਚਨਾਵਾਂ ਵਿੱਚ ਹਸਤੀ ਅਤੇ ਇਸ ਦੇ ਪ੍ਰਗਟਾਅ ਜਾਂ ਸੰਚਾਰ ਬਾਰੇ ਖੜ੍ਹਾ ਕੀਤਾ ਵੱਡਾ ਪ੍ਰਸ਼ਨ ਅਤੇ ਉਸ ਦਾ ਉੱਤਰ ਵੀ, ਅਸਲ ਵਿੱਚ ਯਹੂਦੀ ਹਸਤੀ ਅਤੇ ਇਸ ਦੀਆਂ ਸਮੱਸਿਆਵਾਂ ਨਾਲ ਹੀ ਸੰਬੰਧਿਤ ਹਨ। ਦੈਰਿਦਾ ਦੇ ਸਾਹਮਣੇ ਵੀ ਵੱਡਾ ਪ੍ਰਸ਼ਨ ਇਹ ਲੱਗਦਾ ਹੈ ਕਿ ਯਹੂਦੀ ਹਸਤੀ ਅਲੱਗਵਾਦੀ ਹਸਤੀ ਇਖ਼ਤਿਆਰ ਕਰੇ ਜਾਂ ਗੁਫਤਗੂ ਵਾਲੀ। ਮਾਰਟਿਨ ਬੂਬਰ ਨੇ ਗੁਫਤਗੂ ਦਾ ਰਾਹ ਲੱਭਿਆ ਸੀ। ਅਜਿਹੀ ਗੁਫਤਗੂ ਜਿਸ ਵਿੱਚ ਵਿਸ਼ੇਸ਼ਤਾ ਵੀ ਕਾਇਮ ਰਹੇ ਅਤੇ ਦੂਜੇ ਨਾਲ ਸੰਬੰਧ ਵੀ ਬਣੇ, ਪਰ ਯਹੂਦੀ ਸੱਭਿਆਚਾਰ ਇਸ ਗੁਫਤਗੂ ਦੇ ਰਾਹ ਤੋਂ ਵੀ ਸੰਤੁਸ਼ਟ ਨਹੀਂ ਸੀ। ਯੌਰਪੀ ਜਾਂ ਪੱਛਮੀ ਸੱਭਿਆਚਾਰ ਵਿੱਚ ਵਿਸ਼ੇਸ਼ਤਾ ਕਾਇਮ ਰੱਖ ਕੇ ਕਿਵੇਂ ਥਾਂ ਬਣਾਈ ਜਾਵੇ ? ਇਹੀ ਵੱਡਾ ਪ੍ਰਸ਼ਨ ਸੀ। ਦੈਰਿਦਾ ਨੇ ਜੋ ਉੱਤਰ ਲੱਭਿਆ ਉਹ ਇਹ ਹੈ ਕਿ ਹਸਤੀ ਜਿਵੇਂ ਬਣਦੀ ਹੈ, ਮਹਾਂ-ਪੁਰਸ਼ੀ, ਮਹਾਂ-ਬਚਨ ਜਾਂ ਹੋਰ ਪ੍ਰਭਾਵਾਂ ਦੁਆਲੇ, ਉਸ ਵਿੱਚ ਦੂਜੇ ਤੱਕ ਪਹੁੰਚਣਾ ਪਹਿਲਾਂ ਹੀ ਸ਼ਾਮਲ ਹੁੰਦਾ ਹੈ। ਦੂਜੇ ਤੱਕ ਉਵੇਂ ਹੀ ਨਹੀਂ ਪਹੁੰਚਿਆ ਜਾ ਸਕਦਾ, ਜਿਵੇਂ ਇੱਛਿਤ ਹੁੰਦਾ ਹੈ!

ਦੂਜਾ ਆਪਣੀ ਸਥਿਤੀ ਅਨੁਸਾਰ ਉਸ ਦੀ ਵਿਆਖਿਆ ਕਰ ਲੈਂਦਾ ਹੈ, ਤਾਂ ਵੀ ਉਸ ਵਿਆਖਿਆ ਵਿੱਚ ਕਹਿਣ ਵਾਲੇ ਦੀ ਇੱਛਾ ਅਸਲੋਂ ਗਾਇਬ ਨਹੀਂ ਹੁੰਦੀ। ਇਸ ਦਾ ਸਾਧਾਰਨ ਅਰਥ ਇਹ ਹੈ ਕਿ ਹਸਤੀ, ਕਿਸੇ ਵਿਅਕਤੀ ਜਾਂ ਸਮੂਹ ਦੀ, ਵਿਸ਼ੇਸ਼ ਵੀ ਹੈ ਅਤੇ ਦੂਜੇ ਦੀ ਵਿਆਖਿਆ ਉੱਤੇ ਆਧਾਰਿਤ ਵੀ। ਦੂਜੇ ਦੀ ਸਥਿਤੀ, ਕਾਲ ਅਤੇ ਦੇਸ ਅਨੁਸਾਰ ਕੁਝ ਵਿਆਖਿਆਤਮਕ ਤਬਦੀਲੀਆਂ ਵਾਪਰਦੀਆਂ ਹਨ। ਦੈਰਿਦਾ ਹਸਤੀ ਅਤੇ ਉਸ ਦੀ ਦੂਜੇ ਰਾਹੀਂ ਦਿੱਤੀ ਵਿਆਖਿਆ, ਦੋਹਾਂ ਦਾ ਸਮਝੌਤਾ ਕਰਾ ਰਿਹਾ ਹੈ। ਇਸ ਸਮਝੌਤੇ ਅਤੇ ਨਿਰਅਲੱਗਵਾਦ ਨਾਲ ਹੀ ਸੰਬੰਧਿਤ ਉਸ ਦੇ ਪ੍ਰਸਿੱਧ ਸੰਕਲਪ, ਡਿਫਰਾਂਸ, ਗ੍ਰਾਮਟੌਲੋਜੀ, ਕ੍ਰੀੜਾ ਆਦਿ ਹਨ।

ਦੈਰਿਦਾ ਦਾ ਇੱਕ ਹੋਰ ਮਹੱਤਵਪੂਰਨ ਸੰਕਲਪ "ਅਪੋਰੀਆ" ਜਾਂ ਸੰਕਟ ਹੈ। ਅਪੋਰੀਆ ਓਦੋਂ ਵਾਪਰਦਾ ਹੈ ਜਦੋਂ ਅਰਥ ਵਿੱਚ ਅਨਿਸ਼ਚਿਤਤਾ ਆ ਜਾਵੇ। ਇਸ ਹੱਦ ਤੱਕ ਅਨਿਸ਼ਚਿਤਤਾ ਕਿ ਅਰਥ ਦਾ ਫ਼ੈਸਲਾ ਮੁਸ਼ਕਲ ਹੋ ਜਾਵੇ। ਹਰ ਲਿਖਤ ਵਿੱਚ ਇਹ ਸੰਕਟ ਦੀਆਂ ਘੜੀਆਂ ਅਤੇ ਜੋੜ-ਤੋੜ ਮੌਜੂਦ ਹਨ। ਇਹ ਭਾਸ਼ਾਈ ਪ੍ਰਯੋਗ ਦੀ ਉਹ ਸਥਿਤੀ ਹੈ ਜਿੱਥੇ ਇੱਛਿਤ ਅਰਥ ਸਪੱਸ਼ਟ ਨਹੀਂ ਹੁੰਦਾ। ਇਹ ਦੋਚਿੱਤੀ ਹਰ ਲਿਖਤ ਦਾ ਚਰਿੱਤਰ ਹੈ। ਇਹ ਸੰਕਲਪ ਇੱਕ ਸੱਭਿਆਚਾਰ ਦੇ ਦੂਜੇ ਸੱਭਿਆਚਾਰ ਵੱਲੋਂ ਨਾ ਸਮਝੇ ਜਾਣ ਦੀ ਸੰਭਾਵਨਾ ਵੀ ਹੈ। ਇਹ ਸੰਕਟ ਇੱਕ ਸੱਭਿਆਚਾਰ ਦੇ ਦੂਜੇ ਬਾਰੇ ਅਗਿਆਨੀ ਰਹਿਣ ਦਾ ਲਮ੍ਹਾ ਹੀ ਨਹੀਂ, ਸਗੋਂ ਉਸ ਨੂੰ ਕਸ਼ਟ ਵਿੱਚ ਪਾਉਣ ਦਾ ਖਿਣ ਵੀ ਬਣ ਸਕਦਾ ਹੈ। ਦੈਰਿਦਾ ਦੇ ਇਸ ਸੰਕਲਪ ਦੇ ਭਾਸ਼ਾਈ, ਸੱਭਿਆਚਾਰਕ ਅਤੇ ਰਾਜਨੀਤਕ ਅਰਥ ਵੀ ਹਨ।

ਇਸ ਨਿਬੰਧ ਦਾ ਮੰਤਵ ਇਹ ਸਪੱਸ਼ਟ ਕਰਨਾ ਹੈ ਕਿ ਆਪਣੀ ਸੱਭਿਆਚਾਰਕ ਹਸਤੀ ਅਤੇ ਵਿਸ਼ੇਸ਼ਤਾ ਬਾਰੇ ਗਿਆਨਵੰਤ ਹੋਣ ਅਤੇ ਉਸ ਨੂੰ ਜਿਊਣ ਤੋਂ ਬਿਨਾਂ ਕੋਈ ਗੰਭੀਰ ਮੌਲਿਕ ਚਿੰਤਨ ਨਹੀਂ ਰਚਿਆ ਜਾ ਸਕਦਾ। ਨਾ ਹੀ ਵਿਸ਼ਵ ਪੱਧਰ 'ਤੇ ਕੋਈ ਪ੍ਰਮਾਣਿਕ ਯੋਗਦਾਨ ਹੀ ਪਾਇਆ ਜਾ ਸਕਦਾ ਹੈ।

ਪੰਜਾਬੀ ਦੀ ਬਹੁਤੀ ਆਲੋਚਨਾ ਅਤੇ ਸਾਹਿਤ ਅੱਜ ਆਪਣੀ ਸੱਭਿਆਚਾਰਕ ਵਿਸ਼ੇਸ਼ਤਾ ਨਾਲੋਂ ਟੁੱਟੇ ਹੋਏ ਹਨ, ਕਿਉਂਕਿ ਉਹ ਵਿਸ਼ੇਸ਼ਤਾ ਗੁਰੂ ਗ੍ਰੰਥ ਸਾਹਿਬ ਨਾਲ ਜੁੜੀ ਹੋਈ ਹੈ। ਮਨੁੱਖੀ ਜੀਵਨ ਅਤੇ ਸ੍ਰਿਸ਼ਟੀ ਪ੍ਰਤੀ ਵਿਸਮਾਦੀ ਅਤੇ ਕਰਮਸ਼ੀਲ ਪਹੁੰਚ ਜੋ ਅਨੇਕਤਾ ਨੂੰ ਸਵੀਕਾਰ ਕਰਦੀ ਹੋਵੇ ਅਤੇ ਇਸ ਤੋਂ ਖ਼ੁਸ਼ੀ ਲੈ ਕੇ 'ਵਿਕਾਸ' ਕਰ ਸਕੇ, ਅੱਜ ਵੀ ਮੌਲਿਕ ਹੈ। ਇਸ ਮੌਲਿਕਤਾ ਨੂੰ ਖੱਬਿਆਂ-ਸੱਜਿਆਂ ਸਭ ਨੇ ਅੱਖੋਂ ਓਹਲੇ ਕੀਤਾ ਹੈ ਜਾਂ ਜਿਸ ਨੂੰ ਬਿਨਾਂ ਜਜ਼ਬ ਕੀਤਿਆਂ ਅੱਗੇ ਜਾਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਾਰਨ ਅਸੀਂ ਮੌਲਿਕਤ ਤੋਂ ਵਿਹੂਣੇ ਹਾਂ। ਗਲੋਬਲ ਦੇ ਅਰਥ ਵੀ ਆਪਣੀ ਸੱਭਿਆਚਾਰਕ ਵਿਸ਼ੇਸ਼ਤਾ ਅਤੇ ਮੌਲਿਕਤਾ ਨਾਲ ਜੁੜ ਕੇ ਹੀ ਬਣ ਸਕਦੇ ਹਨ।

******

# ਨਿਊਜ਼ੀਲੈਂਡ 'ਚ ਨਵਤੇਜ ਸਿੰਘ ਕਤਲ ਕੇਸ 'ਚ ਇਕ ਦੋਸ਼ੀ ਕਰਾਰ



ਆਕਲੈਂਡ-ਨਿਊਜ਼ੀਲੈਂਡ ਵਿਚ ਬਹੁ-ਚਰਚਿਤ ਕੋਰਟ ਕੇਸ ਜੋ ਕਿ ਪੰਜਾਬੀ ਨੌਜਵਾਨ ਸ: ਨਵਤੇਜ ਸਿੰਘ ਦੇ 7 ਜੂਨ 2008 ਵਿਚ ਲਿਕਰ ਸਟੋਰ ਵਿਚ ਗੋਲੀ ਮਾਰ ਕੇ ਕੀਤੇ ਗਏ ਕਤਲ ਨਾਲ ਸੰਬੰਧਿਤ ਸੀ, ਦੀ ਅਦਾਲਤੀ ਕਾਰਵਾਈ ਨੇਪਰੇ ਚੜ੍ਹੀ। ਇਸ ਕੇਸ ਵਿਚ 6 ਦੋਸ਼ੀਆਂ ਉੱਤੇ ਕੇਸ ਚੱਲ ਰਿਹਾ ਸੀ। ਪਿਛਲੇ 4 ਦਿਨਾਂ ਤੋਂ ਇਸ ਕੇਸ ਉੱਤੇ 20 ਘੰਟੇ ਦੇ ਕਰੀਬ ਜਿਊਰੀ ਜਿਸ ਵਿਚ 8 ਔਰਤਾਂ ਅਤੇ 4 ਮਰਦ ਮੈਂਬਰ ਸ਼ਾਮਿਲ ਸਨ, ਨੇ ਆਪਣਾ ਫ਼ੈਸਲਾ ਸੁਣਾਇਆ। ਇਸ ਕਤਲ ਕੇਸ ਵਿਚ ਮੁੱਖ ਦੋਸ਼ੀ ਨੀਟਾਲੀਆ ਚੇਨ ਕੀ ਨੂੰ ਐਲਾਨਿਆ ਗਿਆ, ਕਿਉਂਕਿ ਇਸ ਨੇ ਹੀ ਬੰਦੂਕ ਦੀ ਗੋਲੀ ਚਲਾਈ ਸੀ। ਜਦ ਕਿ ਬਾਕੀ ਪੰਜ ਵਿਅਕਤੀਆਂ ਨੂੰ ਲੁੱਟ-ਖੋਹ ਅਤੇ ਹਿੰਸਕ ਕਾਰਵਾਈ ਕਰਨ ਦੇ ਦੋਸ਼ੀ ਗਰਦਾਨਿਆ ਗਿਆ। ਆਉਂਦੇ 23 ਅਪ੍ਰੈਲ ਨੂੰ ਮੁੱਖ ਦੋਸ਼ੀ ਨੂੰ ਸਜ਼ਾ ਸੁਣਾਈ ਜਾਏਗੀ। ਅਦਾਲਤ ਵੱਲੋਂ 6 ਦੋਸ਼ੀਆਂ ਅਤੇ ਖਾਸਕਰ ਤਿੰਨ ਜਿਹੜੇ ਸਟੋਰ ਦੇ ਅੰਦਰ ਮੁੱਖ ਦੋਸ਼ੀ ਦੇ ਨਾਲ ਸਨ, ਨੂੰ ਸਿਰਫ਼ ਲੁੱਟ-ਖੋਹ ਕਰਨ ਵਾਲਿਆਂ ਦੀ ਸ਼੍ਰੇਣੀ ਵਿਚ ਰੱਖੇ ਜਾਣ 'ਤੇ ਨਵਤੇਜ ਸਿੰਘ ਦਾ ਪਰਿਵਾਰ ਅਤੇ ਭਾਰਤੀ ਕਮਿਊਨਿਟੀ ਵਿਚ ਰੋਸ ਪਾਇਆ ਜਾ ਰਿਹਾ ਹੈ। ਅਦਾਲਤੀ ਕਾਰਵਾਈ ਸਮੇਂ ਪੀੜਤ ਪਰਿਵਾਰ ਅਤੇ ਭਾਰਤੀ ਕਮਿਊਨਿਟੀ ਤੋਂ ਦਲਜੀਤ ਸਿੰਘ ਜੇ. ਪੀ., ਵਰਿੰਦਰ ਬਰੇਲੀ, ਇੰਦਰਜੀਤ ਕਾਲਕਟ ਅਤੇ ਹੋਰ ਬਹੁਤ ਸਾਰੇ ਪੰਜਾਬੀ ਮੌਜੂਦ ਸਨ।